بِسۡمِ اللّٰہِ الرَّحۡمٰنِ الرَّحِیۡمِ        نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ        وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 12.07.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਜਲਸਾ ਸਾਲਾਨਾ ਜਰਮਨੀ ਦੇ ਬਰਕਤਾਂ ਭਰਪੂਰ ਆਯੋਜਨ'ਤੇ ਰੱਬ ਦੀਆਂ ਅਥਾਹ ਮਿਹਰਾਂ ਤੇ ਕ੍ਰਿਪਾ ਦਾ ਇਮਾਨ ਵਧਾਉ ਵਰਨਣ ਅਤੇ ਮਹਿਮਾਨਾ ਦੇ ਮਨ ਮੋਹ ਲੈਂਣ ਵਾਲੇ ਤੇ ਸ਼ਰਧਾ ਵਿੱਚ ਵਾਧਾ ਕਰਨ ਵਾਲੇ ਬਿਆਨ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 12 ਜੁਲਾਈ 2019 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਦਿਨੀ ਰੱਬ ਦੀ ਅਪਾਰ ਮਿਹਰ ਨਾਲ ਜਮਾਤ ਅਹਦੀਆ ਜਰਮਨੀ ਦਾ ਜਲਸਾ ਸਾਲਾਨਾ ਰੱਬ ਦੀਆਂ ਮਿਹਰਾਂ ਤੇ ਕ੍ਰਿਪਾ ਨੂੰ ਇਕਤੱਰ ਕਰਦਿਆਂ ਹੋਇਆ ਆਪਣੀ ਸਮਾਪਤੀ ਨੂੰ ਪਹੁੰਚਿਆ । ਇਸ ਸਾਲ ਉੱਥੇ ਚਾਲ੍ਹੀ ਹਜ਼ਾਰ ਤੋਂ ਵੱਧ ਹਾਜ਼ਰੀ ਸੀ । ਇਹ ਕੇਵਲ ਤੇ ਕੇਵਲ ਰੱਬ ਦੀ ਮਿਹਰ ਹੈ ਜੋ ਸਾਡੇ ਕੰਮਾ ਤੇ ਸਾਡੇ ਜਤਨਾ ਤੋਂ ਵਧੱਕੇ ਸਾਨੂੰ ਦਿੰਦਾ ਹੈ । ਸੋ, ਸਾਨੂੰ ਰੱਬ ਦੇ ਸ਼ੁਕਰਾਨੇ ਵਿੱਚ ਵਧੱਦਿਆਂ ਹੋਇਆਂ ਆਪਣੇ ਵੱਲੋਂ ਜਤਨਾ ਨੂੰ ਹੋਰ ਵਧਾਉਣ ਦਾ ਜਤਨ ਕਰਨਾ ਚਾਹੀਦਾ ਹੈ ਤਾਂ ਜੋ ਰੱਬ ਦੀਆਂ ਇਹ ਮਿਹਰਾਂ ਤੇ ਕ੍ਰਿਪਾਵਾਂ ਵਧੱਦੀਆਂ ਚਲੀਆਂ ਜਾਣ । ਜਲਸੇ ਵਿੱਚ ਸ਼ਾਮਲ ਹੋਣ ਵਾਲੇ ਸੈਂਕੜਿਆਂ ਗ਼ੈਰ ਜਮਾਤ ਲੋਕਾਂ ਤੇ ਗ਼ੈਰ ਮੁਸਲਮਾਨਾ ਨੇ ਇਸ ਗੱਲ ਦਾ ਪ੍ਰਗਟਾਵਾ ਕੀਤਾ ਕਿ ਇਕ ਅਸਾਧਾਰਣ ਵਾਤਾਵਰਣ ਤੇ ਇਕ ਪ੍ਰਭਾਵ ਦੇਖਣ ਵਿੱਚ ਆਇਆ ਹੈ । ਸੋ, ਸਾਡਾ ਜਲਸਾ ਸਾਡੀ ਸੀਖ ਸਿੱਖਿਆ ਤੇ ਤਰਬੀਯਤ ਤੋਂ ਬਿਨਾ ਪ੍ਰਚਾਰ ਦਾ ਵੀ ਇਕ ਬਹੁਤ ਵਡੱਾ ਸਾਧਨ ਬਣਦਾ ਹੈ । ਇਹ ਚੀਜ਼ ਸਾਡੇ ਕੋਲੋਂ ਤਕਾਦਾ ਕਰਦੀ ਹੈ ਕਿ ਅਸੀਂ ਰੱਬ ਦੇ ਸ਼ੁਕਰਾਨੇ ਵਿੱਚ ਵਧੱਦੇ ਚਲੇ ਜਾਈਏ ਅਤੇ ਇਹ ਵਾਤਾਵਰਣ ਸਾਡੇ ਅਸਥਾਈ ਵਾਤਾਵਰਣ ਨ ਹੋਣ ਸਗੋਂ ਸਾਡੇ ਜੀਵਨ ਦਾ ਹਰ ਪਲ ਇਸਲਾਮ ਦੀ ਸੁੰਦਰ ਸਿੱਖਿਆ ਨੂੰ ਸਾਡੇ ਅਮਲਾਂ ਰਾਹੀਂ ਦਿਖਾਉਣ ਵਾਲਾ ਹੋਵੇ ਅਤੇ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਉਣ ਦੇ ਉਦੇਸ਼ ਨੂੰ ਹਰ ਸਮੇਂ ਪੂਰਾ ਕਰਨ ਵਾਲੇ ਹੋਈਏ ।

ਹਜ਼ੂਰ ਅਨਵਰ ਨੇ ਜਲਸੇ ਦੇ ਸੇਵਕਾਂ ਤੇ ਸੇਵਿਕਾਵਾਂ ਦਾ ਧੰਨਵਾਦ ਕਰਦਿਆਂ ਹੋਇਆਂ ਫ਼ਰਮਾਇਆ : ਦੁਨੀਆ ਦੀ ਹਰ ਵੱਡੀ ਤੇ ਵਿਵਸਥਤ ਜਮਾਤ ਵਿੱਚ ਦੇਖਣ ਵਿੱਚ ਆਉਂਦਾ ਹੈ ਕਿ ਵਰਕਰ ਜਲਸੇ ਦੇ ਕੰਮਾ ਲਈ ਆਪਣੇ ਵਿਅਕਤੀਗੱਤ ਲਾਭ ਤੇ ਕੰਮਾ ਨੂੰ ਪਿੱਛੇ ਛਡੱਕੇ ਕੇਵਲ ਤੇ ਕਵੇਲ ਜਲਸੇ ਦੇ ਪ੍ਰਬੰਧਾਂ ਅਤੇ ਹਜ਼ਰਤ ਮਸੀਹ

ਮੌਊਦ ਅਲੈਹਿ ਸਲਾਮ ਦੇ ਮਹਿਮਾਨਾ ਦੇ ਕੰਮਾ ਲਈ ਆਪਣਾ ਹਰ ਪਲ ਵਕਫ਼ ਕਰ ਦਿੰਦੇ ਹਨ । ਰੱਬ ਦੀ ਅਪਾਰ ਮਿਹਰ ਨਾਲ ਜਰਮਨੀ ਦੀ ਜਮਾਤ ਨੇਕੀ ਤੇ ਵਫ਼ਾਦਾਰੀ ਵਿੱਚ ਵਧੀ ਹੋਈ ਜਮਾਤ ਹੈ ਸਗੋਂ ਕਈ ਕੁਰਬਾਨੀਆਂ ਵਿੱਚ ਕਈ ਜਮਾਤਾਂ ਤੋਂ ਅੱਗੇ ਵਧੀ ਹੋਈ ਹੈ । ਰੱਬ ਇਹਨਾ ਦੀਆਂ ਨੇਕੀਆਂ ਤੇ ਵਫ਼ਾਦਾਰੀ ਨੂੰ ਵਧਾਉਂਦਾ ਚਲਾ ਜਾਏ । ਇਸ ਵਾਰ ਭਾਗ ਲੈਂਣ ਵਾਲਿਆਂ ਦੀ ਗਿਣਤੀ ਵਧਣ ਦੇ ਬਾਦ ਪ੍ਰਬੰਧਕਾਂ ਤੇ ਅਮੀਰ ਸਾਹਬ ਨੂੰ ਵਿਚਾਰ ਆਇਆ ਕਿ ਸਾਡੇ ਕੋਲ ਆਪਣਾ ਇਕ ਵਡੱਾ ਜਲਸਾਗਾਹ ਹੋਣਾ ਚਾਹੀਦਾ ਹੈ । ਅਮੀਰ ਸਾਹਬ ਨੇ ਦੱਸਿਆ ਕਿ ਉਹਨਾ ਨੇ ਇਕ ਥਾਂ ਦੇਖੀ ਹੈ ਜਿਸਦੀ ਪ੍ਰਾਪਤੀ ਲਈ ਉਹ ਜਤਨ ਕਰ ਰਹੇ ਹਨ । ਰੱਬ ਨੇੜੇ ਜੇਕਰ ਉਹ ਥਾਂ ਜਮਾਤ ਲਈ ਬਿਹਤਰ ਹੈ ਤਾਂ ਰੱਬ ਉਸਦੇ ਖ਼ਰੀਦਨ ਤੇ ਲੈਂਣ ਦੇ ਵੀ ਪ੍ਰਬੰਧ ਕਰ ਦੇਵੇ ਅਤੇ ਅਸਾਨੀ ਪੈਦਾ ਕਰ ਦੇਵੇ । ਹਜ਼ੂਰ ਅਨਵਰ ਨੇ ਫ਼ਰਮਾਇਆ ਜਰਮਨੀ ਦਾ ਜਲਸਾ ਵੀ ਹੁਣ ਅੰਤਰ ਰਾਸ਼ਟਰੀ ਜਲਸਾ ਬਣ ਗਿਆ ਹੈ, ਇਸ ਪੱਖੋਂ ਵੀ ਜਲਸਾਗਾਹ ਤੇ ਸੰਬੰਧਤ ਪ੍ਰਬੰਧਾ ਵਿੱਚ ਵਾਧੇ ਦੀ ਲੋੜ ਹੈ ।

ਹਜ਼ੂਰ ਅਨਵਰ ਨੇ ਮਹਿਮਾਨਾ ਦੀ ਫ਼ੀਡਬੈਕ (ਪ੍ਰਤੀਕ੍ਰਿਆ) ਬਿਆਨ ਕਰਦਿਆਂ ਹੋਇਆਂ ਫ਼ਰਮਾਇਆ : ਇਕ ਮਿਸਟਰ ਹਿੰਜ਼ੁਲੀਵਰ ਹੇਂਜਵੇ ਜੋ ਫ਼੍ਰੈਂਕਫ਼ੋਰਟ ਦੀ ਇਕ ਲਾਅ ਫ਼ਰਮ ਦੇ ਸੀਨੀਅਰ ਪਾਰਟਨਰ ਹਨ, ਆਪਣੇ ਅਨੁਭਵ ਬਿਆਨ ਕਰਦਿਆਂ ਹੋਇਆਂ ਲਿਖੱਦੇ ਹਨ ਕਿ ਭਾਵੇਂ ਸ਼ਾਂਤ ਤੇ ਪ੍ਰਤੀਦਿਨ ਦੀਆਂ ਕ੍ਰਿਰਿਆਵਾਂ ਅਨੁਸਾਰ ਚਲਦੇ ਹੋਏ ਵਿਚਾਰਾਂ ਵਿੱਚ ਆਉਣ ਵਾਲੇ ਖ਼ਤਰਿਆਂ ਤੇ ਜੰਗ ਨੂੰ ਭਾਂਪ ਲੈਂਣਾ (ਜਾਣ ਲੈਂਣਾ) ਇਕ ਵੱਡੀ ਮਹਤੱਵਪੂਰਨ ਗੱਲ ਹੈ ਅਤੇ ਇਮਾਮ ਜਮਾਤ ਅਹਦੀਆ ਨੇ ਨ ਕੇਵਲ ਭਵਿੱਖ ਦੇ ਖ਼ਤਰਿਆਂ ਨੂੰ ਵਾਸਤਵਿਕ ਰੂਪ ਵਿੱਚ ਅਨੁਭਵ ਕੀਤਾ ਹੈ ਸਗੋਂ ਨਾਲ ਨਾਲ ਦੁਨੀਆ ਨੂੰ ਖ਼ਬਰਦਾਰ ਕਰ ਰਹੇ ਹਨ ।

ਮਿਰੀਨਾ ਪਬਲਿਕ ਸਾਹਿਬਾ ਜੋ ਲੁਫ਼ਥਾਂਜ਼ਾ ਏਅਰਲਾਈਨ ਦੇ ਆਈ ਟੀ ਡਿਪਾਰਟਮੈਂਟ ਵਿੱਚ ਹਨ ਕਹਿੰਦੀ ਹਨ ਕਿ ਵਿਸ਼ਵਿਆਪੀ ਅਮਨ ਦੀ ਸਥਾਪਨਾ ਉਪੱਰ ਗੱਲ ਕਰਨਾ ਤਾਂ ਲੀਡਰਾਂ ਲਈ ਇਕ ਹਾਟ ਕੇਕ ਹੈ, ਪਰ ਜਮਾਤ ਅਹਮਦੀਆ ਦੇ ਇਮਾਮ ਦੀਆਂ ਗੱਲਾਂ ਵਿੱਚ ਜੋ ਤਾਕਤ ਸੀ ਉਹ ਮੈਂ ਕਿਤੇ ਹੋਰ ਨਹੀਂ ਦੇਖੀ । ਜੇਕਰ ਵਿਅਕਤੀਗੱਤ ਹਿਤਾਂ ਤੋਂ ਉਪੱਰ ਉਠੱਕੇ ਕਦਮ ਨ ਚੁੱਕੇ ਗਏ ਤਾਂ ਐਟਮੀ ਜੰਗ ਦੀਆਂ ਤਬਾਹਕੁਨ ਤਬਾਹੀ ਦੇ ਜ਼ਿੱਮੇਦਾਰ ਅਸੀਂ ਹੋਵਾਂਗੇ। ਕਹਿੰਦੀ ਹਨ ਕਿ ਮੇਰੇ ਅਨੁਸਾਰ ਐਨ੍ਹੀ ਸਪਸ਼ਟਤਾ ਨਾਲ ਸੰਦੇਸ਼ ਦਿਤੱਾ ਗਿਆ ਹੈ ਕਿ ਜੇਕਰ ਵਿੱਚ ਈਰਖਾ ਨੇ ਹੋਵੇ ਤਾਂ ਮਨੁੱਖ ਦੇ ਰੋਂਗਟੇ ਖੜੇ ਕਰਨ ਲਈ ਇਹ ਚਿਤਾਵਨੀ ਬਹੁਤ ਹੈ ਅਤੇ ਨਿਰਣੈਕਾਰੀਆਂ ਤੱਕ ਇਹ ਸੰਦੇਸ਼ ਪਹੁੰਚਣਾ ਚਾਹੀਦਾ ਹੈ ਕਿਉਂਕਿ ਮਨੁਖੱਤਾ ਦੀ ਭਲਾਈ ਲਈ ਇਸਦਾ ਗਲੋਬਲ ਲੈਵਲ'ਤੇ ਸਧਾਰਣਤਾ ਲਾਗੂ ਹੋਣਾ ਵੀ ਜ਼ਰੂਰੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ ਜਲਸੇ ਦੇ ਸਧਾਰਣ ਫੀਡਬੈਕ ਬਾਰੇ ਵੀ ਕੁਝ ਉਧਾਰਣਾ ਪੇਸ਼ ਕਰ ਦਿੰਦਾ ਹਾਂ ।

ਮੈਸੀਡੋਨੀਆ ਜੱਥੇ ਦੀ ਇਕ ਇਸਤਰੀ ਇਲੈਕਜ਼ਾਂਦਰੋਵਾ ਦੋਨੀਆ ਸਾਹਿਬਾ ਕਹਿੰਦੀ ਹਨ ਅਹਮਦੀਅਤ ਇਹ ਚਾਹੁੰਦੀ ਹੈ ਕਿ ਲੋਕ ਰੂਹਾਨੀਯਤ ਵਿੱਚ ਵਾਧਾ ਕਰਨ ਵਾਲੇ ਹੋਣ, ਉਹਨਾ ਵਿੱਚ ਏਕਤਾ ਸਥਾਪਨ ਹੋਵੇ, ਉਹ ਰੱਬ ਦੇ ਨੇੜੇ ਹੋਣ ਅਤੇ ਇਸ ਸਾਲ ਜਲਸਾ ਸਾਲਾਨਾ ਵਿੱਚ ਮੈਂ ਬਹੁਤ ਚੰਗੇ ਲੋਕ ਦੇਖੇ, ਮੁਸਕਰਾਉਂਦੇ ਚਿਹਰੇ ਜੋ ਸਾਨੂੰ ਬਹੁਤ ਸਨਮਾਨ ਦੇ ਰਹੇ ਸਨ । ਮੈਂ ਸ਼ੁਕਰਾਨੇ ਦੀਆਂ ਭਾਵਨਾਵਾਂ ਨਾਲ ਗਵਾਹੀ ਦਿੰਦੀ ਹਾਂ ਕਿ ਮੈਂ ਅਜਿਹੇ ਲੋਕਾਂ ਨੂੰ ਦੇਖਿਆ ਜਿੰਨ੍ਹਾ ਦਾ ਰੱਬ ਉਪੱਰ ਵਿਸ਼ਵਾਸ਼ ਅਤੇ ਇਮਾਨ ਬਹੁਤ ਮਜ਼ਬੂਤ ਹੈ, ਮੈਂਨੂੰ ਆਸ ਹੈ ਕਿ ਆਪ ਇਹ ਨੇਕ ਕੰਮ ਅਰੰਭ ਰਖੱਣਗੇ ।

ਇਕ ਗ਼ੈਰ ਜਮਾਤ ਦਾ ਅਨੁਭਵ ਹੈ ਅਤੇ ਇਹ ਅਨੁਭਵ ਇਸ ਗੱਲ ਵੱਲ ਲਿਆਉਣ ਵਾਲਾ ਹੋਣਾ ਚਾਹੀਦਾ ਹੈ ਕਿ ਅਸੀਂ ਵਾਸਤਵ ਵਿੱਚ ਆਪਣੇ ਜੀਵਨ ਦੇ ਉਦੇਸ਼ ਨੂੰ ਪਛਾਨਣ ਵਾਲੇ ਹੋਈਏ ਅਤੇ ਉਸ ਮੰਤਵ ਨੂੰ ਹਾਸਲ ਕਰਨ ਵਾਲੇ ਵੀ ਹੋਈਏ । ਮੈਸੀਡੋਨੀਆ ਦੇ ਜੱਥੇ ਵਿੱਚ ਸ਼ਾਮਲ ਇਕ ਟੀਵੀ ਪਤੱਰ ਪ੍ਰੇਰਕ ਜ਼ੋਰਾਂਚੋਜ਼ ਵਰੇਂਸਕੀ ਸਾਹਬ ਕਹਿੰਦੇ ਹਨ ਕਿ ਮੈਂ ਦੂਜੀ ਵਾਰ ਜਲਸੇ ਵਿੱਚ ਸ਼ਾਮਲ ਹੋਇਆ ਹਾਂ ਅਤੇ ਮੇਰੇ ਲਈ ਵਡੱਾ ਸਨਮਾਨ ਹੈ ਜਲਸੇ ਦੇ ਪ੍ਰਬੰਧ ਬਹੁਤ ਉੱਤਮ ਸਨ । ਫਿਰ ਕਹਿੰਦੇ ਹਨ ਕਿ ਰੱਬ ਉਪੱਰ ਇਮਾਨ ਰਖੱਣਾ ਅਤੇ ਸਾਰਿਆਂ ਮੁਨੱਖਾਂ ਦੀ ਮਦਦ ਕਰਨੀ ਇਹ ਅਜਿਹਾ ਕੰਮ ਹੈ ਜੋ ਸਾਰਿਆਂ ਲੋਕਾਂ ਵਿੱਚਕਾਰ ਮਤਿਭੇਦ ਨੂੰ ਦੂਰ ਕਰ ਦੇਵੇਗਾ ।

ਬੁਲਗ਼ਾਰੀਆ ਦੇ ਜੱਥੇ ਵਿੱਚ ਸ਼ਾਮਲ ਇਕ ਇਸਾਈ ਇਸਤਰੀ ਜੂਲੀਆ ਸਾਹਿਬਾ ਕਹਿੰਦੀ ਹਨ । ਮੈਂ ਇਸ ਗੱਲ ਨੂੰ ਸੋਚ ਕੇ ਬਹੁਤ ਭਾਵਨਾਤਮਕ ਹੋ ਰਹੀ ਰਹਾ ਕਿ ਮੈਂ ਵੀ ਅਹਮਦੀਆ ਜਮਾਤ ਦੇ ਜਲਸੇ ਵਿੱਚ ਉਹਨਾ ਹਜ਼ਾਰਾਂ ਹੀ ਭਾਗ ਲੈਂਣ ਵਾਲਿਆਂ ਦੇ ਨਾਲ ਸ਼ਾਮਲ ਹੋਈ ਹਾਂ । ਬੇਸ਼ਕ ਮੈਂ ਇਸਾਈ ਹਾਂ ਪਰ ਮੈਂਨੂੰ ਆਪਦਾ ਇਹ ਭਾਸ਼ਣ ਬਹੁਤ ਪਸੰਦ ਆਇਆ । ਆਪ ਦੀਆਂ ਦੁਆਵਾਂ ਮਨ ਉਪੱਰ ਅਸਰ ਕਰ ਵਾਲੀਆਂ ਸਨ । ਕੁਰਆਨ ਕਰੀਮ ਦੀ ਤਲਾਵਤ ਵੀ ਮੈਂਨੂੰ ਬਹੁਤ ਪਸੰਦ ਆਈ । ਪ੍ਰਸ਼ੰਸਾ ਯੋਗ ਇਹ ਗੱਲ ਹੈ ਕਿ ਵਿਦਿਆਰਥੀਆਂ ਨੂੰ ਪੁਰਸਕਾਰ ਵੀ ਆਪਨੇ ਆਪਣੇ ਹੱਥੀ ਦਿੱਤੇ ।

ਬੁਲਗ਼ਾਰੀਆ ਦੇ ਜੱਥੇ ਦੀ ਇਕ ਹੋਰ ਇਸਤਰੀ ਕੇਸਮਲਮੀਰਾ ਸਾਹਿਬਾ ਕਹਿੰਦੀ ਹਨ ਮੈਂਨੂੰ ਤੀਜੀ ਵਾਰ ਜਲਸਾ ਸਾਲਾਨਾ ਜਰਮਨੀ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ ਹੈ ਅਤੇ ਹਰ ਸਾਲ ਮੈਂਨੂੰ ਨਵੀਆਂ ਨਵੀਆਂ ਗਲੱਾਂ ਸਿਖੱਣ ਨੂੰ ਮਿਲਦੀਆਂ ਹਨ । ਮੈਂ ਭਾਸ਼ਣਾ ਨੂੰ ਬਹੁਤ ਗ਼ੌਰ ਨਾਲ ਸੁਣਦੀ ਹਾਂ ਕਿਉਂਕਿ ਮੈਂ ਇਕ ਫ਼ੀਜ਼ੀਓ ਥ੍ਰੈਪਿਸਟ ਅਤੇ ਸਾਈਕੋਲੋਜਿਸਟ ਵੀ ਹਾਂ । ਮੈਂ ਇਹਨਾ ਭਾਸ਼ਣਾ ਵਿੱਚ ਦੱਸੀਆਂ ਜਾਣ ਵਾਲੀਆਂ ਜਮਾਤ ਅਹਮਦੀਆਂ ਦੀ ਸਿੱਖਿਆ ਰਾਹੀਂ ਆਪਣੇ ਹਰ ਰੋਗੀ ਦੀਆਂ ਸਮੱਸਿਆਂਵਾਂ ਦਾ ਚੰਗਾ ਹਲ ਕਰ ਸਕਦੀ ਹਾਂ ਅਤੇ ਮੈਂ ਆਪਣੇ ਲਈ ਵੀ ਲਾਹੇਵੰਦ ਨਸੀਹਤਾਂ ਇਕਤੱਰ ਕਰਕੇ ਲੈ ਜਾਂਦੀ ਹਾਂ ।

ਫਿਰ ਇਕ ਅਹਮਦੀ ਮਿਤੱਰ ਹਨ ਗਜ਼ਮ ਅਜ਼ਾਰੀ ਸਾਹਬ ਜਿੰਨ੍ਹਾ ਦਾ ਸੰਬੰਧ ਅਧਰਮ ਸੋਸਾਈਟੀ ਨਾਲ ਸੀ ਕੁਝ ਸਾਲ ਪਹਿਲਾਂ ਜਮਾਤ ਨਾਲ ਰਾਬਤਾ ਹੋਇਆ । ਧਰਮ ਅਤੇ ਵਿਸ਼ੇਸ਼ ਕਰਕੇ ਇਸਲਾਮ ਨਾਲ ਸੰਬੰਧਤ ਦਲੀਲਾਂ ਜੋ ਜਮਾਤ ਅਹਮਦੀਆ ਦਿੰਦੀ ਹੈ ਉਹ ਉਹਨਾ ਨੂੰ ਬਹੁਤ ਉਚਿਤ ਲੱਗੇ । ਇਸ ਤੋਂ ਪਹਿਲਾਂ ਮੌਲਵੀਆਂ ਦੀਆਂ ਕਹਾਣੀਆਂ ਕਰਕੇ ਉਹਨਾ ਦਾ ਮਨ ਧਰਮ ਤੋਂ ਬੇਜ਼ਾਰ (ਅਵਿਸ਼ਵਾਸ਼ ਯੋਗ) ਸੀ । ਸੋ, ਕੁਝ ਸਾਲ ਪਹਿਲਾਂ ਉਹਨਾ ਨੇ ਬੈਅਤ ਕੀਤੀ ਅਤੇ ਹੁਣ ਹੌਲ੍ਹੀ ਹੌਲ੍ਹੀ ਇਸਲਾਮੀ ਤੌਰ ਤਰੀਕਿਆਂ ਦੀ ਪਬੰਦੀ ਕਰ ਰਹੇ ਹਨ । ਕਹਿੰਦੇ ਹਨ ਕਿ ਜਲਸਾ ਸਾਲਾਨਾ ਮੈਂਨੂੰ ਬਹੁਤ ਵਿਸ਼ੇਸ਼ ਲਗੱਾ । ਪ੍ਰਬੰਧ ਤੇ ਮਹਿਮਾਨ ਨਵਾਜ਼ੀ ਹਰ ਸਾਲ ਵਾਂਗ ਅਤਿਅੰਤ ਉੱਤਮ ਸੀ ਅਤੇ ਮੇਰਾ ਜੋ ਲਜਨਾ (ਇਸਤਰੀਆਂ) ਵਿੱਚ ਸੰਬੋਧਨ ਸੀ ਅਤੇ ਅੰਤਮ ਭਾਸ਼ਣ ਨੇ ਮੈਂਨੂੰ ਬਹੁਤ ਪ੍ਰਭਾਵਤ ਕੀਤਾ ਅਤੇ ਇਹ ਸੰਦੇਸ਼ ਸਾਨੂੰ ਪੁਰਸ਼ਾਂ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ।

ਫਿਰ ਇਕ ਮਹਿਮਾਨ ਹਨ ਏਲੀ ਸ਼ਵਾਂਰੀ, ਅਲਬਾਨੀਯਨ ਹਨ, ਜਰਮਨੀ ਵਿੱਚ ਰਹਿੰਦੇ ਹਨ । ਕਹਿੰਦੇ ਹਨ ਜਲਸਾ ਸਾਲਾਨਾ ਹਰ ਅਹਮਦੀ ਮੁਸਲਮਾਨ ਲਈ ਇਕ ਮਹਾਨਤਮ ਰੂਹਾਨੀ ਸਮਾਰੋਹ ਹੈ । ਜਲਸਾ ਸਾਲਾਨਾ ਵਿੱਚ ਸ਼ਾਮਲ ਹੋਕੇ ਉਹਨਾ ਨੂੰ ਜਿੱਥੇ ਇਸਲਾਮ ਦੀਆ ਮੁਢੱਲੀਆਂ ਸਿੱਖਿਆਵਾਂ ਦਾ ਪਰੀਚੈ ਪ੍ਰਾਪਤ ਹੋਇਆ ਹੈ ਉੱਥੇ ਜਮਾਤ ਅਹਮਦੀਆ ਵਿੱਚ ਸਥਾਪਤ ਨਿਜ਼ਾਮੇ ਖ਼ਿਲਾਫ਼ਤ ਰਾਹੀਂ ਇਸ ਸੁੰਦਰ ਸਿੱਖਿਆ ਦੇ ਅਮਲੀ ਨਮੂਨੇ ਦੇਖਣ ਦਾ ਵੀ ਅਨੁਭਵ ਹੁੰਦਾ ਹੈ । ਕਹਿੰਦੇ ਹਨ ਇਕ ਅਹਮਦੀ ਮੁਸਲਮਾਨ ਹੋਣ ਦੇ ਨਾਤੇ ਸਾਰਾ ਸਾਲ ਇਸ ਰੂਹਾਨੀ ਜਲਸੇ ਦਾ

ਬਹੁਤ ਹੀ ਵਿਵਸਥਾ ਨਾਲ ਉਡੀਕ ਕਰ ਰਿਹਾ ਹੁੰਦਾ ਹਾਂ, ਕਿਉਂਕਿ ਇੱਥੇ ਇਕ ਹਕੀਕੀ ਭਾਈਚਾਰੇ ਦੀ ਆਤਮਾ ਦਿਖਾਈ ਦਿੰਦੀ ਹੈ ਜਿਸਨੂੰ ਵਰਨਣ ਕਰਨਾ ਅਸੰਭਵ ਹੈ । ਇਸ ਜਲਸੇ ਵਿੱਚ ਆਣਕੇ ਮੈਂਨੂੰ ਇਉਂ ਲਗੱਦਾ ਹੈ ਸੰਭਵਤਾ ਮੈਂ ਸਵਾਗਾਂ ਵਿੱਚ ਹਾਂ ਅਤੇ ਦੁਨੀਆ ਦਾ ਸਭ ਤੋਂ ਖ਼ੁਸ਼ਕਿਸਮਤ ਮਨੁੱਖ ਹਾਂ ਅਤੇ ਅਗਲੇ ਸਾਲ ਦੇ ਜਲਸੇ ਦਾ ਬਹੁਤ ਬੇ ਸਬਰੀ ਨਾਲ ਮੈਂ ਉਡੀਕ ਕਰ ਰਿਹਾ ਹੁੰਦਾ ਹਾਂ ।

ਜਾਰਜੀਆ ਦੇ ਜੱਥੇ ਵਿੱਚ ਧਰਮ ਗਿਆਨ ਦੀ ਵਿਦਿਆਰਥਣ ਨਾਨੋਕਾ ਸਾਹਿਬਾ ਵੀ ਸ਼ਾਮਲ ਸਨ । ਉਹ ਬੈਅਤ ਦੇ ਸਮਾਰੋਹ ਬਾਰੇ ਆਪਣੀਆਂ ਭਾਵਨਾਵਾਂ ਵਰਨਣ ਕਰਦੀ ਹਨ ਕਿ ਬੈਅਤ ਦੀ ਤਕਰੀਬ ਭਾਵਨਾਵਾਂ ਤੋਂ ਭਰਪੂਰ ਸੀ । ਮੈਂਨੂੰ ਧਾਰਮਕ ਏਕਤਾ ਦਾ ਦ੍ਰਿਸ਼ ਦੇਖਣ ਨੂੰ ਮਿਲਿਆ ਅਤੇ ਪਤਾ ਲੱਗਿਆ ਕਿ ਕਿਵੇਂ ਵੱਖ ਵੱਖ ਰੰਗ ਰੂਪ ਤੇ ਨਸਲ ਦੇ ਲੋਕ ਅਮਨ ਦੇ ਨਾਲ ਇਕਤੱਰ ਰਹਿ ਸਕਦੇ ਹਨ । ਮੈਂ ਧਾਰਮਕ ਵਿਦਿਆ ਹਾਸਲ ਕਰ ਰਹੀ ਹਾਂ । ਜਲਸੇ ਵਿੱਚ ਪਹਿਲੀ ਵਾਰ ਆਈ ਹਾਂ ਅਤੇ ਮੇਰਾ ਵਿਸ਼ਵਾਸ਼ ਹੈ ਕਿ ਇਹ ਜਲਸਾ ਅਮਨ ਪ੍ਰਾਪਤੀ ਦਾ ਇਕ ਚੰਗਾ ਸਾਧਨ ਹੈ ।

ਕੋਸੋਵੋ ਤੋਂ ਆਉਣ ਵਾਲੇ ਜੱਥੇ ਦੇ ਇਕ ਮਿਤੱਰ ਮਿਸਟਰ ਸ਼ੈਬ ਜ਼ਕਰਜੀ ਸਾਹਬ ਕਹਿੰਦੇ ਹਨ ਕਿ ਮੈਂਨੂੰ ਸੂਚਨਾ ਮਿਲੀ ਕਿ ਜਲਸੇ ਵਿੱਚ ਸ਼ਾਮਲ ਹੋਣਾ ਹੈ ਤਾਂ ਬਹੁਤ ਖ਼ੁਸ਼ੀ ਹੋਈ, ਪਰ ਜੱਦ ਜਾਤਰਾ ਦੇ ਖ਼ਰਚੇ ਸਾਹਮਣੇ ਆਏ ਤਾਂ ਬਹੁਤ ਦੁਵਿਧਾ ਵਿੱਚ ਪੈ ਗਏ, ਪਰ ਕਹਿੰਦੇ ਹਨ ਸਮੇਂ ਦੇ ਖ਼ਲੀਫ਼ਾ ਨੂੰ ਮਿਲਣਾ ਅਤੇ ਜਲਸੇ ਵਿੱਚ ਸ਼ਾਮਲ ਹੋਣਾ ਮੇਰੀ ਤੜਪ ਸੀ ਇਸ ਲਈ ਮੈਂ ਆਪਣੀ ਗਾਂ ਵੇਚੀ ਅਤੇ ਸ਼ਾਮਲ ਹੋਣ ਲਈ ਖ਼ਰਚੇ ਪੂਰੇ ਕੀਤੇ । ਇਸ ਪ੍ਰਕਾਰ ਵੀ ਲੋਕ ਅਹਮਦੀ ਹੋਣ ਦੇ ਬਾਦ ਕੁਰਬਾਨੀ ਕਰਕੇ ਜਲਸੇ ਵਿੱਚ ਆਉਣ ਦਾ ਜਤਨ ਕਰਦੇ ਹਨ ।

ਮਾਲਟਾ ਤੋਂ ਜਲਸੇ ਵਿੱਚ ਸ਼ਾਮਲ ਹੋਣ ਵਾਲੀਆਂ ਤਿੰਨ ਔਰਤਾਂ, ਇਸਤਰੀਆਂ ਦੀ ਮਾਰਕੀ ਵਿੱਚ ਗਈਆਂ । ਕਹਿੰਦੀ ਹਨ ਕਿ ਸਾਡਾ ਬਹੁਤ ਖ਼ਿਆਲ ਰੱਖਿਆ ਗਿਆ । ਬਹੁਤ ਵਾਰੀ ਸਾਨੂੰ ਪੁੱਛਿਆ ਗਿਆ । ਇਸਤਰੀਆਂ ਦੀ ਮਾਰਕੀ ਵਿੱਚ ਇਕ ਫ਼ੈਮਲੀ ਵਾਤਾਵਰਣ ਸੀ । ਅਜਿਹਾ ਸੀ ਜਿਵੇਂ ਅਸੀਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਸੰਭਵਤਾ ਸਦੀਆਂ ਤੋਂ ਜਾਣਦੇ ਹਾਂ, ਪਰ ਸਾਡੀ ਤਾਂ ਪਹਿਲੀ ਵਾਰ ਮੁਲਾਕਾਤ ਹੋ ਰਹੀ ਸੀ । ਫਿਰ ਇਹ ਕਹਿੰਦੀ ਹਨ ਕਿ ਇਸਤਰੀਆਂ ਦੀ ਮਾਰਕੀ ਵਿੱਚ ਬਹੁਤੀ ਆਸਾਨੀ ਸੀ ਅਤੇ ਸਾਨੂੰ ਦੋਹਾਂ ਪਾਸਿਆਂ ਦੇ ਵਾਤਾਵਰਣ ਦਾ ਤਜਰਬਾ ਕਰਨ ਦਾ ਮੌਕਾ ਮਿਲਿਆ ਅਤੇ ਸਾਨੂੰ ਇਸਲਾਮੀ ਸਿੱਖਿਆਵਾਂ ਦੀ ਜਿਸ ਵਿੱਚ ਪੁਰੁਸ਼ ਤੇ ਇਸਤਰੀਆਂ ਲਈ ਵੱਖ ਵੱਖ ਪ੍ਰਬੰਧ ਕੀਤਾ ਜਾਂਦਾ ਹੈ ਇਸ ਦੀ ਸਹੀ ਤੇ ਡੂੰਘੀ ਦਾਨਾਈ ਤੇ ਫ਼ਿਲਾਸਫ਼ੀ ਨੂੰ ਸਮਝਣ ਦਾ ਮੌਕਾ ਮਿਲਿਆ ਅਤੇ ਅਸੀਂ ਤਜਰਬੇ ਦੇ ਅਧਾਰ'ਤੇ ਇਹ ਵੀ ਕਹਿ ਸਕਦੀ ਹਨ ਕਿ ਇਸਲਾਮੀ ਸਿੱਖਿਆਵਾਂ ਬਹੁਤ ਡੂੰਘੀਆਂ ਤੇ ਦਾਨਾਈ ਨਾਲ ਭਰਪੂਰ ਹਨ ਅਤੇ ਇਸਤਰੀਆਂ ਵਖੱਰੇ ਅਸਥਾਨ'ਤੇ ਬਹੁਤੀ ਆਸਾਨੀ ਤੇ ਸ਼ਾਂਤੀ ਅਨੁਭਵ ਕਰਦੀਆਂ ਹਨ ਅਤੇ ਉਹਨਾ ਨੂੰ ਆਪਣੇ ਪ੍ਰਬੰਧ ਸੰਭਾਲਣ ਲਈ ਆਪਣੀਆਂ ਯੋਗਤਾਵਾਂ ਦੇ ਜੌਹਰ ਦਿਖਾਉਣ ਦਾ ਵਡੱਾ ਮੌਕਾ ਮਿਲਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਹੁਣ ਗ਼ੈਰ ਵੀ ਇਸ ਗੱਲ ਨੂੰ ਮੰਨਣ ਲੱਗ ਗਏ ਹਨ ਕਿ ਵਾਸਤਵ ਵਿੱਚ ਇਸਤਰੀਆਂ ਤੇ ਪੁਰੁਸ਼ਾਂ ਦੀ ਵਖੱਰਤਾ ਅਤੇ ਪ੍ਰਬੰਧ ਹਨ ਉਹ ਜ਼ਰੂਰੀ ਹਨ ਅਤੇ ਸਾਡੀ ਨੌਜੁਆਨ ਪੀੜ੍ਹੀ ਦੀਆਂ ਲੜਕੀਆਂ ਨੂੰ ਵਿਚਾਰ ਆਉਂਦੇ ਹਨ ਕਿ ਇਕਠੱਾ ਕਿਉਂ ਨਹੀਂ ਹੁੰਦਾ ਅਤੇ ਅਜ਼ਾਦੀ ਨਹੀਂ ਹੈ, ਉਹਨਾ ਨੂੰ ਵੀ ਸੋਚਣਾ ਚਹੀਦਾ ਹੈ ।

ਕਰਗ਼ਿਜ਼ਿਸਤਾਨ ਤੋਂ ਆਉਣ ਵਾਲੇ ਇਕ ਮਹਿਮਾਨ ਬਿਆਨ ਕਰਦੇ ਹਨ ਕਿ ਜਲਸੇ ਵਿੱਚ ਸ਼ਮਾਲ ਹੋਕੇ ਅਸਾਧਾਰਣ ਭਾਵਨਾਵਾਂ ਸਨ । ਅਹਮਦੀ ਹੋਣ ਤੋਂ ਪਹਿਲਾਂ ਮੈਂਨੂੰ ਕਦੇ ਵੀ ਰੋਣਾ ਨਹੀਂ ਆਇਆ, ਪਰ ਕੇਵਲ

ਕਾਦੀਆਂ ਤੇ ਜਰਮਨੀ ਵਿੱਚ ਰੋਣਾ ਆਇਆ । ਅਨੁਭਵ ਹੋ ਰਿਹਾ ਹੈ ਕਿ ਮਨ ਵਿੱਚ ਇਕ ਨਰਮੀ ਤੇ ਤਬਦੀਲੀ ਪੈਦਾ ਹੋਈ ਹੈ । ਹਰ ਇਕ ਜੋ ਬੈਅਤ ਕਰਦਾ ਹੈ ਉਸ ਰਾਹੀਂ ਮੇਰੇ ਇਮਾਨ ਵਿੱਚ ਵਾਧਾ ਹੁੰਦਾ ਹੈ । ਮੈਂ ਪਹਿਲਾਂ ਮੌਲਵੀ ਸੀ ਜੱਦ ਜਮਾਤ ਅਹਮਦੀਆ ਦੀਆਂ ਕਿਤਾਬਾਂ ਦਾ ਅਧਿਐਨ ਕੀਤਾ ਤਾਂ ਸਾਰੀਆਂ ਗਲੱਾਂ ਜੋ ਕੁਰਆਨ ਕਰੀਮ ਵਿੱਚ ਦਜੱਾਲ ਤੇ ਮਸੀਹ ਮੌਊਦ ਅਲੈਹਿ ਸਲਾਮ ਅਦਿ ਬਾਰੇ ਵਰਨਣ ਹੋਈਆਂ ਹਨ ਉਹਨਾ ਦੀ ਵਾਸਤਵਿਕਤਾ ਪਤਾ ਲੱਗੀ। ਬੈਅਤ ਵਿੱਚ ਅਜਿਹਾ ਅਨੁਭਵ ਹੋਇਆ ਕਿ ਮੇਰੇ ਉਪੱਰ ਠੰਡਾ ਪਾਣੀ ਪੈ ਰਿਹਾ ਹੈ ਅਤੇ ਹੁਣ ਮੈਂ ਅਸਲ ਤੇ ਹਕੀਕੀ ਮੁਸਲਮਾਨ ਹੋ ਗਿਆ ਹਾਂ ।

ਸੈਨੇਗਾਲ ਤੋਂ ਆਉਣ ਵਾਲੇ ਇਕ ਮਹਿਮਾਨ ਕਹਿੰਦੇ ਹਨ ਜੇਕਰ ਮੈਂ ਜਲਸਾ ਨ ਦੇਖਦਾ ਅਤੇ ਆਪਨੂੰ ਨ ਮਿਲਦਾ ਤਾਂ ਮੈਂ ਆਪਣੇ ਜੀਵਨ ਵਿੱਚ ਇਕ ਬਹੁਤ ਵੱਡੀ ਵਿੱਥ ਅਨੁਭਵ ਕਰਦਾ ਅਤੇ ਅੱਜ ਮੈਂ ਸਮਝਦਾ ਹਾਂ ਕਿ ਮੇਰੇ ਜੀਵਨ ਦਾ ਮਿਸ਼ਨ ਪੂਰਾ ਹੋ ਗਿਆ ਹੈ ।

ਉਹ ਇਕ ਕਿਸ਼ਤੀ (ਬੇੜੀ) ਆਪਣੀ ਗੋਦ ਵਿੱਚ ਲਈ ਬੈਠੇ ਸਨ । ਮੇਰੇ ਪੁਛੱਣ'ਤੇ ਉਹਨਾ ਨੇ ਕਿਹਾ ਕਿ ਇਹ ਤੋਹੜਾ ਹੈ ਅਸੀਂ ਆਪ ਲਈ ਲਿਆਏ ਹਾਂ ਅਤੇ ਕਿਹਾ ਕਿ ਇਹ ਕਿਸ਼ਤੀ ਅਮਨ ਦੀ ਕਿਸ਼ਤੀ ਹੈ, ਪ੍ਰੇਮ ਸਾਰਿਆਂ ਲਈ ਨਫ਼ਰਤ ਕਿਸੇ ਤੋਂ ਨਹੀਂ ਦੀ ਕਿਸ਼ਤੀ ਹੈ । ਹੁਣ ਜੋ ਇਸ ਕਿਸ਼ਤੀ ਵਿੱਚ ਸਵਾਰ ਹੋਵੇਗਾ ਉਹੋ ਹੀ ਅਮਨ ਪਾਏਗਾ ਅਤੇ ਇਹ ਅਹਮਦੀਅਤ ਦੀ ਕਿਸ਼ਤੀ ਹੈ ਅਤੇ ਕਿਸ਼ਤੀ ਦਾ ਤੋਹੜਾ ਦੇਣ ਦਾ ਇਕ ਦੂਜਾ ਅਰਥ ਇਹ ਵੀ ਸੀ ਕਿ ਸਾਡੇ ਦੇਸ਼ ਦੀ ਆਰਥਿਕਤਾ ਇਸ ਨਾਲ ਸੰਬੰਧਤ ਹੈ । ਉੱਥੇ ਮਛੁਆਰੇ (ਫ਼ਿਸ਼ਿੰਗ) ਬਹੁਤੇ ਹਨ । ਇਸ ਲਈ ਸਾਡੇ ਦੇਸ਼ ਲਈ ਵਿਸ਼ੇਸ਼ ਦੁਆ ਕਰਨ ।

ਬੋਸਨੀਆ ਤੋਂ ਆਉਣ ਵਾਲੇ ਯਾਸਮੀਨ ਸਪਾਹੀਤ ਸਾਹਬ ਕਹਿੰਦੇ ਹਨ ਕਿ ਆਪ ਦਾ ਇਸਲਾਮ, ਇਸਲਾਮ ਦੇ ਬਾਨੀ ਨਾਲ ਪ੍ਰੇਮ ਅਤੇ ਪ੍ਰੇਮ ਦੀ ਤੜਪਨ ਆਪਦੇ ਪ੍ਰੇਮ ਦੀ ਕਲਾਹ ਬਿਖੇਰਨ ਵਾਲੇ ਸ਼ਬਦਾ ਵਿੱਚ ਹੁੰਦਾ ਹੈ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਪਵਿਤੱਰ ਜੀਵਨ ਚਰਿਤੱਰ ਦੇ ਹਵਾਲਿਆਂ ਨਾਲ ਨਸੀਹਤ ਮਨ ਨੂੰ ਛੂਹ ਰਹੀ ਸੀ ਇਹੋ ਉਹ ਕੰਮ ਹੈ ਜੋ ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਕਰਦੇ ਸਨ । ਫਿਰ ਇਹ ਕਹਿੰਦੇ ਹਨ ਕਿ ਮੈਂ ਰੱਬ ਤੋਂ ਦੁਆ ਕਰਦਾ ਹਾਂ ਕਿ ਅਗਲਾ ਜਲਸਾ ਇਸ ਤੋਂ ਵੀ ਚੰਗਾ ਹੋਵੇ ਅਤੇ ਇਹ ਜਲਸਾ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਉਮੱਤ ਵਿੱਚ ਬਲ ਤੇ ਏਕਤਾ ਪੈਦਾ ਕਰਨ ਦਾ ਸਬਬ ਹੋਵੇ ।

ਫਿਰ ਯਮੀਨਾ ਚਾਸ਼ੀਉਸ਼ ਸਾਹਿਬਾ ਕਹਿੰਦੀ ਹਨ ਮੈਂਨੂੰ ਜਲਸੇ ਵਿੱਚ ਸ਼ਾਮਲ ਹੋਕੇ ਇਹ ਅਨੁਭਵ ਹੋ ਗਿਆ ਹੈ ਕਿ ਜਲਸੇ ਦੇ ਮਾਹੌਲ ਵਿੱਚ ਬਲ ਤੇ ਪ੍ਰਭਾਵ ਹੈ ਕਿ ਰੂਹਾਨੀ ਤੌਰ'ਤੇ ਮੁਰਦੇ ਮਨੁੱਖ ਵਿੱਚ ਜੀਵਨ ਦੀ ਰੂਹ ਚਲੀ ਆਉਂਦੀ ਹੈ ।

ਕਮਾਲ ਲਵਾਨ ਸਾਹਬ ਲਿਬਨਾਨ ਤੋਂ ਕਹਿੰਦੇ ਹਨ ਕਿ ਜਲਸੇ ਵਿੱਚ ਜੋ ਸਭ ਤੋਂ ਪਹਿਲਾਂ ਮੇਰੇ ਲਈ ਜਮਾਤ ਦੀ ਸਚੱਾਈ ਦੀ ਦਲੀਲ ਬਣੀ ਉਹ ਐਨ੍ਹੀ ਵੱਡੀ ਗਿਣਤੀ ਅਤੇ ਉਸ ਦਾ ਸੋਹਣਾ ਸੁਚਾਰੂ ਪ੍ਰਬੰਧ ਸੀ । ਜਲਸੇ ਦੌਰਾਨ ਇਕ ਮਿਤੱਰ ਨੇ ਮੈਂਨੂੰ ਦੱਸਿਆ ਕਿ ਇਹ ਖ਼ਲੀਫ਼ਾਤੁਲ ਮੁਸਲੇਮੀਨ ਹਨ । ਫਿਰ ਮੈਂ ਅਹਮਦੀਆਂ ਨੂੰ ਭਿੰਨ ਭਿੰਨ ਪ੍ਰਸ਼ਨ ਪੁੱਛੇ ਜਿੰਨਾ ਦਾ ਉਹਨਾ ਦੇ ਬਹੁਤ ਪ੍ਰੇਮ ਨਾਲ ਉਤੱਰ ਦਿਤੱਾ । ਮੇਰਾ ਦਿਲ ਅਹਮਦੀਅਤ ਦੀ ਸਚੱਾਈ ਨਾਲ ਸੰਤੁਸ਼ਟ ਹੁੰਦਾ ਅਿਗਾ । ਮੈਂ ਸੋਚਿਆ ਕਿ ਅਗਲੇ ਸਾਲ ਤੱਕ ਜੀਉਂਦਾ ਰਹਾਂ ਜਾਂ ਨਹੀਂ ਇਸ ਲਈ ਹੁਣੇ ਬੈਅਤ ਕਰ ਲਈ ।

ਫਿਰ ਫ਼ਵਾਦ ਸਾਹਬ ਕਹਿੰਦੇ ਹਨ ਕਿ 2018 ਈ. ਵਿੱਚ ਮੈਂ ਬੈਅਤ ਕੀਤੀ ਸੀ, ਪਰ ਮੇਰੀ ਪਤਨੀ ਨੇ ਬੈਅਤ ਕਰਨ ਤੋਂ ਨਾਹ ਕਰ ਦਿੱਤੀ ਸੀ ਮੈਂ ਉਸ ਨੂੰ ਸਮਝਾਇਆ ਕਿ ਤੁਸੀਂ ਇਹ ਕਿਤਾਬਾਂ ਪੜ੍ਹੋ ਅਤੇ ਰੱਬ ਤੋਂ ਇਸਤਿਖ਼ਾਰਾ

(ਦੁਆਵਾਂ ਨਾਲ ਰੱਬ ਤੋਂ ਜਾਣਕਾਰੀ ਹਾਸਲ ਕਰਨੀ) ਕਰੋ । ਤਿੰਨ ਮਹੀਨੇ ਮੇਰੀ ਪਤਨੀ ਨੇ ਇਸਤਿਖ਼ਾਰਾ ਕੀਤਾ ਅਤੇ ਉਸ ਨੇ ਸੁਪਨੇ ਵਿੱਚ ਦੇਖਿਆ ਕਿ ਲੋਕ ਇਕਤੱਰ ਹਨ ਅਤੇ ਇਕ ਚਿਟੱਾ ਕਬੂਤਰ ਉਹਨਾ ਵਿੱਚ ਮੌਜੂਦ ਹੈ । ਮੇਰੀ ਪਤਨੀ ਨੇ ਪੁੱਛਿਆ ਕਿ ਇਹ ਕਬੂਤਰ ਕੀ ਹੈ ਤਾਂ ਉਹਨਾ ਵਿੱਚੋਂ ਇਕ ਵਿਅਕਤੀ ਨੇ ਕਿਹਾ ਇਹ ਕਬੂਤਰ ਇਸਲਾਮ ਫੈਲਾਉਣ ਲਈ ਕਦਸ ਤੇ ਖੇਤਰ ਵਿੱਚ ਆਇਆ ਹੈ । ਇਸ ਸੁਪਨੇ ਨੇ ਮੇਰੀ ਪਤਨੀ ਦੇ ਦਿਲ ਨੂੰ ਖੋਲ ਦਿਤੱਾ ਅਤੇ ਇਸ ਜਲਸੇ ਵਿੱਚ ਅਰਥਾਤ 2019 ਈ. ਵਿੱਚ ਸ਼ਾਮਲ ਹੋਈ ਅਤੇ ਬੈਅਤ ਕਰ ਲਈ । ਫਿਰ ਕਹਿੰਦੇ ਹਨ ਮੈਂ ਇਸ ਗਲੱ'ਤੇ ਖ਼ੁਸ਼ ਹਾਂ ਕਿ ਰੱਬ ਨੇ ਮੇਰੀ ਪੂਰੀ ਫ਼ੈਮਲੀ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਕਰਨ ਦਾ ਸੰਜੋਗ ਪ੍ਰਦਾਨ ਕੀਤਾ ਹੈ ਅਤੇ ਹੁਣ ਮੈਂ ਆਪਣੇ ਸਾਰਿਆਂ ਸਾਕਾ ਸੰਬੰਧੀਆਂ ਨੂੰ ਵੀ ਪ੍ਰਚਾਰ ਕਰਾਂਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਇਹਨਾ ਬੈਅਤ ਕਰਨ ਵਾਲਿਆਂ ਦੇ ਆਚਰਣਾ, ਨੇਕੀ ਵਫ਼ਾਦਾਰੀ ਅਤੇ ਇਮਾਨ ਵਿੱਚ ਪੱਕਿਆਈ ਤੇ ਤਰੱਕੀ ਪ੍ਰਦਾਨ ਕਰਦਾ ਚਲਾ ਜਾਏ ਅਤੇ ਸਾਡੇ ਵਿੱਚੋਂ ਹਰ ਇਕ ਨੂੰ ਵੀ ਜਲਸੇ ਦੀਆਂ ਬਰਕਤਾਂ ਤੋਂ ਲਾਭ ਉਠਾਉਣ ਵਾਲਾ ਬਣਾਏ ਅਤੇ ਮਸੀਹ ਮੌਊਦ ਦੀਆਂ ਦੁਆਵਾਂ ਦਾ ਵਾਰਸ ਬਣਾਏ ।

ਮੀਡੀਆ ਕਵਰੈਜ ਬਾਰੇ ਹਜ਼ੂਰ ਅਨਵਰ ਨੇ ਦੱਸਿਆ ਕਿ ਇਸ ਸਾਲ ਜਰਮਨੀ ਵਿੱਚ ਕੁਲ ਤੇਰ੍ਹਾਂ ਮੀਡੀਆ ਆਊਟਲੈਟਸ ਰਾਹੀਂ ਜਲਸੇ ਦੀ ਕਵਰੈਜ ਹੋਈ । ਇਸ ਤੋਂ ਬਿਨਾ ਇਟਲੀ, ਚੀਨ ਅਤੇ ਸਲਵਾਕੀਆ ਦੀਆਂ ਆਨਲਾਈਨ ਅਖ਼ਬਾਰਾਂ ਨੇ ਖ਼ਬਰਾਂ ਦਿੱਤੀਆਂ । ਇਹਨਾ ਦੇ ਅਨੁਮਾਨ ਅਨੁਸਾਰ ਦੋ ਕਰੋੜ ਛਿਆਲ੍ਹੀ ਲੱਖ ਲੋਕਾ ਤੱਕ ਸੰਦੇਸ਼ ਪਹੁੰਚਿਆ ।

ਰੱਬ ਦੀ ਮਿਹਰ ਨਾਲ ਬਹੁਤ ਵੱਡੇ ਪਧੱਰ'ਤੇ ਜਮਾਤ ਦਾ ਪਰੀਚੈ ਹੋਇਆ । ਅਲੱਾਹ ਤਆਲਾ ਹਰ ਪੱਖੋਂ ਇਹ ਬਰਕਤਾਂ ਭਰਪੂਰ ਬਣਾਏ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 12.07.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131